# ਅਪੀਲ

ਅੱਜ ਮੈਂ ਇਸ ਵੀਡੀਓ ਦੇ ਮਾਧਿਅਮ ਨਾਲ ਤੁਹਾਡੇ ਨਾਲ ਇਕ ਖ਼ਾਸ ਗੱਲ ਕਰਨ ਲਈ ਜੁੜਿਆ ਹਾਂ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਕੋਵਿਡ ਮਹਾਂਮਾਰੀ ਦੇ ਬੇਮੁਹਾਰੇ ਫੈਲਾਅ ਕਾਰਨ ਭਾਰਤ ਦੇ ਸਿਹਤ ਸੰਭਾਲ ਪ੍ਰਬੰਧ ਉਤੇ ਅਥਾਹ ਦਬਾਅ ਪਿਆ ਹੈ ਅਤੇ ਸਾਡੇ ਕੋਲ ਮੈਡੀਕਲ ਸਾਜ਼ੋ-ਸਾਮਾਨ ਖ਼ਾਸ ਤੌਰ ਉਤੇ ਆਕਸੀਜਨ ਕੰਸਟਰੇਟਰਾਂ ਦੀ ਘਾਟ ਹੈ। ਇਸ ਲਈ ਮੈਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਭਰਾਵਾਂ ਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਇਸ ਮੁਸ਼ਕਲ ਦੀ ਘੜੀ ਵਿੱਚ ਭਾਰਤ-ਵਿਸ਼ੇਸ਼ ਤੌਰ ਉਤੇ ਪੰਜਾਬ ਵਾਸੀਆਂ ਦੀ ਬਾਂਹ ਫੜ ਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਓ।// ਇਸ ਬਿਪਤਾ ਦੀ ਘੜੀ ਵਿੱਚ ਸਾਨੂੰ ਸਭ ਤੋਂ ਵੱਧ ਲੋੜ ਆਕਸੀਜਨ ਕੰਸਟਰੇਟਰਾਂ ਦੀ ਹੈ, ਜੇ ਕੋਈ ਐਨ.ਆਰ.ਆਈ. ਵੀਰ ਤੇ ਭੈਣ ਆਕਸੀਜਨ ਕੰਸਟਰੇਟਰ ਦੇਣ ਦਾ ਇੱਛੁਕ ਹੈ ਤਾਂ ਉਹ ਡਾਇਰੈਕਟਰ-ਕਮ-ਸਕੱਤਰ ਉਦਯੋਗ ਤੇ ਵਣਜ ਵਿਭਾਗ ਸਿਬਿਨ ਸੀ ਨਾਲ ਫੋਨ ਨੰਬਰ 0172-2701214, ਈ-ਮੇਲ dir.ind@punjab.gov.in ਉਤੇ ਸੰਪਰਕ ਕਰ ਸਕਦਾ ਹੈ। ਪੰਜਾਬ ਸਰਕਾਰ ਨੇ ਸ੍ਰੀ ਸਿਬਿਨ ਸੀ, ਆਈ.ਏ.ਐਸ., ਨੂੰ ਐਨ.ਆਰ.ਆਈ. ਵੀਰਾਂ ਨਾਲ ਤਾਲਮੇਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ।

ਅੰਤ ਵਿੱਚ ਮੈਂ ਇਕ ਵਾਰ ਫਿਰ ਅਹਿਦ ਕਰਦਾ ਹਾਂ ਕਿ ਆਪਣੀਆਂ ਜੜ੍ਹਾਂ, ਆਪਣੀ ਧਰਤੀ ਤੇ ਆਪਣੇ ਲੋਕਾਂ, ਸਨੇਹੀਆਂ ਤੇ ਪਿਆਰਿਆਂ ਦੀ ਮਦਦ ਲਈ ਅੱਗੇ ਆਓ ਤਾਂ ਜੋ ਮਨੁੱਖਤਾ ਨੂੰ ਬਚਾਉਣ ਦੀ ਇਸ ਲੜਾਈ ਵਿੱਚ ਤੁਹਾਡਾ ਬਹੁਮੁੱਲਾ ਯੋਗਦਾਨ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇ।

Gurmit Singh

(ਰਾਣਾ ਗੁਰਮੀਤ ਸਿੰਘ ਸੋਢੀ)
ਮੰਤਰੀ ਖੇਡਾਂ ਤੇ ਯੁਵਕ ਸੇਵਾਵਾਂ
ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ।

Scanned with CamScanner